# ਭਾਈ ਮੰਨਾ ਸਿੰਘ ਜਿਹੀ............

ਸੰਧੂ ਬਟਾਲਵੀ

ਲੋਕ ਚੇਤਨਾ ਦੀ ਜਿਵੇਂ ਗੱਲ ਨੇ ਉਹ ਕਰ ਗਏ
ਡਿੱਗਿਆਂ, ਲਤਾੜਿਆਂ ਦੇ ਨਾਲ ਜਿਵੇਂ ਖੜ੍ਹ ਗਏ
ਬੇਖ਼ੌਫ਼ ਦੋਸ਼ੀਆਂ 'ਤੇ ਦੋਸ਼ ਜਿਵੇਂ ਮੜ੍ਹ ਗਏ
ਉਨ੍ਹਾਂ ਵਾਲੀ ਚੇਟਕ ਬਈ ਮਨਾਂ ਤਾਈਂ ਲਾ ਲਈਏ
ਭਾਈ ਮੰਨਾ ਸਿੰਘ ਜਿਹੀ ਕਿਰਤ ਕਮਾ ਲਈਏ।

ਨਾਟਕਾਂ ਦੇ ਰਾਹੀਂ ਉਨ੍ਹਾਂ ਯੋਗਦਾਨ ਪਾਇਆ ਜਿਵੇਂ
ਪਿੰਡ-ਪਿੰਡ, ਸ਼ਹਿਰ-ਸ਼ਹਿਰ ਹੋਕਾ ਉਨ੍ਹਾਂ ਲਾਇਆ ਜਿਵੇਂ
ਭਗਤ ਸਰਾਭਿਆਂ ਨੂੰ ਉਨ੍ਹਾਂ ਰੁਸ਼ਨਾਇਆ ਜਿਵੇਂ
ਉਨ੍ਹਾਂ ਵਾਲਾ ਰੰਗ ਆਪਾਂ, ਆਪੇ 'ਤੇ ਚੜ੍ਹਾ ਲਈਏ
ਭਾਈ ਮੰਨਾ ਸਿੰਘ ਜਿਹੀ ਕਿਰਤ ਕਮਾ ਲਈਏ।

ਔਰਤ ਦਾ ਕਰਦੇ ਉਹ ਦਿਲੋਂ ਸਤਿਕਾਰ ਸੀ
ਔਰਤ 'ਨਾ ਕਹਿੰਦੇ ਉਹ ਸਮਾਜ ਦੀ ਬਹਾਰ ਸੀ
ਔਰਤਾਂ ਦੀ ਬਿਹਤਰੀ ਲਈ ਰਹਿੰਦੇ ਉਹ ਤਿਆਰ ਸੀ
ਮਨਾਂ ਵਾਲੀ ਮੂਰਤ 'ਚ ਔਰਤ ਵਸਾ ਲਈਏ
ਭਾਈ ਮੰਨਾ ਸਿੰਘ ਜਿਹੀ ਕਿਰਤ ਕਮਾ ਲਈਏ।

ਝੁੱਗੀਆਂ ਤੇ ਢਾਰਿਆਂ 'ਚ ਰਹਿੰਦਿਆਂ ਦੀ ਜਾਣੀਏਂ
ਸਮਾਜ ਵਿਚ ਦੱਬਿਆਂ ਦਾ ਦਰਦ ਪਛਾਣੀਏਂ
ਸਮਾਜ 'ਚ ਬਰਾਬਰੀ ਦੀ ਗੱਲ ਆਪਾਂ ਠਾਣੀਏਂ
ਭਾਅ ਜੀ ਗੁਰਸ਼ਰਨ ਵਾਲੀ ਸੇਵ ਬਈ ਕਮਾ ਲਈਏ
ਭਾਈ ਮੰਨਾ ਸਿੰਘ ਜਿਹੀ ਕਿਰਤ ਕਮਾ ਲਈਏ।

ਚੰਗੀਆਂ ਕਿਤਾਬਾਂ ਦੇ ਉਹ ਵਰਕੇ ਰਹੇ ਫੋਲਦੇ
ਸਾਹਿਤ ਤੇ ਸਮੁੰਦਰਾਂ 'ਚੋਂ ਮੋਤੀ ਰਹੇ ਟੋਲਦੇ
ਜ਼ਿੰਦਗੀ ਦੇ ਭੇਦ ਰਹੇ ਇਨ੍ਹਾਂ ਨਾਲ ਖੋਲ੍ਹਦੇ

ਉਨ੍ਹਾਂ ਵਾਲੀ ਸਾਂਝ ਬਈ ਕਿਤਾਬਾਂ ਨਾਲ ਪਾ ਲਈਏ
ਭਾਈ ਮੰਨਾ ਸਿੰਘ ਜਿਹੀ ਕਿਰਤ ਕਮਾ ਲਈਏ।

ਤਰਕ ਦਲੀਲ ਨਾਲ ਗੱਲ ਸਮਝਾਉਂਦੇ ਸੀ
ਸ਼ੇਰ ਜਿਹੀ ਗਰਜ ਤੇ ਚੁਸਤੀ ਵਿਖਾਉਂਦੇ ਸੀ
ਮੁਰਦੇ ਉਹ ਰੂਹਾਂ ਵਿਚ ਜਾਨ ਝੱਟ ਪਾਉਂਦੇ ਸੀ
ਉਨ੍ਹਾਂ ਵਾਲਾ ਫਾਰਮੂਲਾ ਆਓ ਅਪਣਾ ਲਈਏ
ਭਾਈ ਮੰਨਾ ਸਿੰਘ ਜਿਹੀ ਕਿਰਤ ਕਮਾ ਲਈਏ।

ਹੈਂਕੜਬਾਜ਼ਾਂ ਉੱਤੇ ਜਿਸ ਤਰ੍ਹਾਂ ਵਰ੍ਹਦੇ ਰਹੇ
ਕਿਰਤੀ ਕਿਸਾਨ ਨੂੰ ਸੰਗਠਿਤ ਜਿਉਂ ਕਰਦੇ ਰਹੇ
ਸੁਖ ਤੇ ਆਰਾਮ ਉਨ੍ਹਾਂ ਲਈ ਜਿਵੇਂ ਹਰਦੇ ਰਹੇ
ਮਾੜਿਆਂ ਦੀ ਧਿਰ ਲਈ ਕਾਫ਼ਲਾ ਬਣਾ ਲਈਏ
ਭਾਈ ਮੰਨਾ ਸਿੰਘ ਜਿਹੀ ਕਿਰਤ ਕਮਾ ਲਈਏ।

ਅੱਜ ਵਾਲਾ ਕੰਮ ਉਹ ਨਾ ਕੱਲ੍ਹ ਉੱਤੇ ਛੱਡਦੇ
ਹਿੰਮਤ 'ਨਾ ਝੰਡੇ ਰਹੇ ਬੁਲੰਦੀਆਂ ਦੇ ਗੱਡਦੇ
ਲੋਕਾਂ ਦਿਆਂ ਮਨਾਂ 'ਚੋਂ ਹਨੇਰੇ ਰਹੇ ਕੱਢਦੇ
ਉਨ੍ਹਾਂ ਵਾਲੀ ਰੀਤ ਆਓ ਆਪਾਂ ਵੀ ਪੁਗਾ ਲਈਏ
ਭਾਈ ਮੰਨਾ ਸਿੰਘ ਜਿਹੀ ਕਿਰਤ ਕਮਾ ਲਈਏ।

ਮਿੱਥ ਨਵੇਂ ਦਿਸਹੱਦੇ ਪੈੜਾਂ ਜੋ ਉਹ ਪਾ ਗਏ
ਸਮਾਜ ਦੇ ਸੁਧਾਰ ਲਈ ਦੱਸ ਨੇ ਜੋ ਰਾਹ ਗਏ
ਆਪਣਾ ਨੇ ਲੋਹਾ ਜਿਵੇਂ ਭਾਅ ਜੀ ਮਨਾ ਗਏ
ਨਵੇਂ ਤੇ ਨਵੇਕਲੇ ਉਹ ਰਾਹ ਅਪਣਾ ਲਈਏ
ਭਾਈ ਮੰਨਾ ਸਿੰਘ ਜਿਹੀ ਕਿਰਤ ਕਮਾ ਲਈਏ।

ਬੇਬਾਕ ਹੋ ਕੇ ਭਾਅ ਜੀ ਹਰ ਗੱਲ ਕਹਿੰਦੇ ਸੀ
ਪਰਬਤ ਬਣ ਕੇ ਸੁਮੇਰ ਖੜ੍ਹੇ ਰਹਿੰਦੇ ਸੀ
ਚੜ੍ਹਦੇ ਉਹ ਸੂਰਜ ਦਾ ਮਾਣ 'ਸੰਧੂ' ਲੈਂਦੇ ਸੀ
ਲ਼ੋਹੇ ਵਾਲੀ ਲੱਠ ਬਣ ਆਪਾਂ ਵੀ ਵਿਖਾ ਦਈਏ
ਭਾਈ ਮੰਨਾ ਸਿੰਘ ਜਿਹੀ ਕਿਰਤ ਕਮਾ ਲਈਏ।

98157-63404